DEVELOPMENTAL DISABILITIES ADMINISTRATION (DDA)

# ਜਵਾਬ ਦੇਣ ਵਾਲਿਆਂ ਲਈ ICAP ਬਾਰੇ ਜਾਣਕਾਰੀ

## Information about the ICAP for Respondents

**ICAP ਕੀ ਹੈ?**

ਕਲਾਇੰਟ ਅਤੇ ਏਜੰਸੀ ਦੀ ਯੋਜਨਾਬੰਦੀ ਲਈ ਵਿਆਪਕ ਸੂਚੀ (ICAP) ਇੱਕ ਮੁਲਾਂਕਣ ਟੂਲ ਹੈ, ਜੋ ਇਹ ਨਿਰਣਾ ਕਰਨ ਵਿਚ ਮਦਦ ਕਰਦਾ ਹੈ ਕਿ ਵਿਅਕਤੀ ਵਿਕਾਸ ਸਬੰਧੀ ਅਪੰਗਤਾਵਾਂ ਬਾਰੇ ਪ੍ਰਸ਼ਾਸਨ (DDA) ਦਾ ਕਲਾਇੰਟ ਬਣਨ ਦੇ ਯੋਗ ਹੈ ਜਾਂ ਨਹੀਂ। ICAP ਇਹ ਨਿਰਣਾ ਕਰਨ ਦਾ ਪ੍ਰਬੰਧ ਕਰਦਾ ਹੈ ਕਿ ਨੇਮ (WAC 388-823) ਵਿਚ ਦੱਸੇ ਗਏ ਅਨੁਸਾਰ ਅਰਜ਼ੀ ਦੇਣ ਵਾਲੇ ਦੀਆਂ "ਚੋਖੀਆਂ ਸੀਮਾਵਾਂ" ਹਨ।

**ICAP ਦਾ ਪ੍ਰਬੰਧ ਕੌਣ ਕਰਦਾ ਹੈ?**

ਵਿਭਾਗ ICAP ਲਈ ਪ੍ਰਸ਼ਾਸਨ ਉਪਲਬਧ ਕਰੇਗਾ ਅਤੇ ਪ੍ਰਬੰਧ ਕਰੇਗਾ। ਵਿਭਾਗ ਨਿਰਣਾ ਕਰਦਾ ਹੈ ਕਿ "ਜਵਾਬ ਦੇਣ ਵਾਲੇ" (WAC 388-823-0930) ਵਜੋਂ ਕਿਸਦੀ ਵਰਤੋਂ ਕੀਤੀ ਜਾਏ।

**ਜਵਾਬ ਦੇਣ ਵਾਲੇ ਵਜੋਂ ਕੌਣ ਯੋਗ ਹੁੰਦਾ ਹੈ?**

ਕੋਈ ਵੀ ਮਾਤਾ-ਪਿਤਾ, ਅਧਿਆਪਕ ਜਾਂ ਸੰਭਾਲ ਕਰਨ ਵਾਲਾ ਵਿਅਕਤੀ, ਜਿਸ ਦੀ ਮੁਲਾਂਕਣ ਕੀਤੇ ਜਾਣ ਵਾਲੇ ਵਿਅਕਤੀ ਨਾਲ ਚੰਗੀ ਸਾਂਝ ਹੈ, ICAP ਨੂੰ ਪੂਰਾ ਕਰਨ ਲਈ ਲੋੜੀਂਦੀ ਜਾਣਕਾਰੀ ਉਪਲਬਧ ਕਰ ਸਕਦਾ/ਸਕਦੀ ਹੈ। ICAP ਜਵਾਬ ਦੇਣ ਵਾਲੇ ਵਲੋਂ ਪੂਰਾ ਕੀਤਾ ਜਾਂਦਾ ਹੈ, ਜਿਸ ਨੂੰ ਕਲਾਇੰਟ ਘੱਟੋ-ਘੱਟ ਤਿੰਨ ਮਹੀਨਿਆਂ ਤੋਂ ਜਾਣਦਾ ਹੈ ਅਤੇ ਉਸ ਨੂੰ ਰੋਜ਼-ਬ-ਰੋਜ਼ ਮਿਲਦਾ/ਮਿਲਦੀ ਹੈ। ਜੇ ਕੋਈ ਨਹੀਂ ਹੈ, ਜੋ ਜਵਾਬ ਦੇਣ ਵਾਲੇ ਦੀ ਪਰਿਭਾਸ਼ਾ 'ਤੇ ਪੂਰਾ ਨਹੀਂ ਉਤਰਦਾ/ਉਤਰਦੀ, ਤਾਂ ICAP ਪ੍ਰਬੰਧ ਨਹੀਂ ਕਰ ਸਕਦਾ। ਯੋਗਤਾਪ੍ਰਾਪਤ ਜਵਾਬ ਦੇਣ ਵਾਲੇ ਤੋਂ ਬਿਨਾ DDA, ICAP (WAC 388-823-0940) ਵਲੋਂ ਲੋੜੀਂਦੀਆਂ ਕਿਸੇ ਵੀ ਸ਼ਰਤਾਂ ਹੇਠ ਯੋਗਤਾ ਦਾ ਨਿਰਣਾ ਨਹੀਂ ਕਰ ਸਕਦਾ।

**ਵਿਭਾਗ ਜਵਾਬ ਦੇਣ ਵਾਲੇ ਕਿੰਨੇ ਵਿਅਕਤੀਆਂ ਦੀ ਵਰਤੋਂ ਕਰ ਸਕਦਾ ਹੈ?**

ਵਿਭਾਗ, ਅਰਜ਼ੀ ਦੇਣ ਵਾਲੇ ਦੀਆਂ ਸਮਰੱਥਾਵਾਂ ਪੂਰੀਆਂ ਕਰਨ ਅਤੇ ਸਟੀਕ ਜਾਣਕਾਰੀ ਲੈਣ ਲਈ ਲੋੜੀਂਦਾ ਜਵਾਬ ਦੇਣ ਵਾਲੇ ਕਈ ਲੋਕਾਂ ਦੀ ਵਰਤੋਂ ਕਰ ਸਕਦਾ ਹੈ।

**ਕੀ ਅਰਜ਼ੀ ਦੇਣ ਵਾਲਾ ਜਵਾਬ ਦੇਣ ਵਾਲਾ ਹੋ ਸਕਦਾ ਹੈ?**

ਨਹੀਂ। ਅਰਜ਼ੀ ਦੇਣ ਵਾਲਾ ਜਾਣਕਾਰੀ ਉਪਲਬਧ ਕਰ ਸਕਦਾ ਹੈ, ਪਰ ਯੋਗਤਾਪ੍ਰਾਪਤ ਜਵਾਬ ਦੇਣ ਵਾਲਾ ਕਦੀ ਵੀ ਨਹੀਂ ਬਣੇਗਾ।

**ਕੀ ਅਰਜ਼ੀ ਦੇਣ ਵਾਲੇ ਤੋਂ ਸੁਆਲਾਂ ਦੇ ਜਵਾਬ ਦੇਣ ਜਾ ਕੁਝ ਕੁ ਕੰਮ ਕਰਨ ਲਈ ਕਿਹਾ ਜਾ ਸਕਦਾ ਹੈ?**

DDA ਸਲਾਹ-ਮਸ਼ਵਰਾ, ਨਿਗਰਾਨੀ ਜਾਂ ਜਵਾਬਾਂ ਦੀ ਪੁਸ਼ਟੀ ਕਰਨ ਲਈ ਅਰਜ਼ੀ ਦੇਣ ਵਾਲੇ ਨੂੰ ਕੁਝ ਕੁ ਕੰਮ ਕਰਨ ਲਈ ਕਹਿ ਸਕਦਾ ਹੈ।

"ਜਾਣਕਾਰੀ ਬਾਰੇ ਤੁਹਾਡੇ ਅੰਦਾਜ਼ੇ ਦਾ ਅਧਾਰ ਜਾਂ ਇਹੋ ਜਿਹੇ ਜਾਂ ਸਬੰਧਿਤ ਕੰਮਾਂ ਬਾਰੇ ਕਲਾਇੰਟ ਦੀ ਕਾਰਗੁਜ਼ਾਰੀ ਦੀ ਨਿਗਰਾਨੀ।" (ICAP ਮੈਨੂਅਲ, ਅੰਤਿਕਾ D, ਪੰਨਾ 153)

"ਨਤੀਜੇ ਵੈਧ ਬਣਾਉਣ ਲਈ, ਇਹ ਜ਼ਰੂਰੀ ਹੈ ਕਿ ਰਿਕਾਰਡ ਕੀਤੀ ਗਈ ਜਾਣਕਾਰੀ ਤੋਂ ਆਮ ਸਥਿਤੀਆਂ ਵਿਚ ਕਲਾਇੰਟ ਦੇ ਅਸਲ ਵਿਹਾਰ ਦਾ ਪਤਾ ਚੱਲੇ। ਇਹ ਜਾਣਕਾਰੀ ICAP ਪੁਸਤਿਕਾ ਤੋਂ, ਪੁਸਤਿਕਾ ਦੀ ਵਰਤੋਂ ਕਰਦਿਆਂ ਇੰਟਰਵਿਊਆਂ ਤੋਂ ਜਾਂ ਇੱਥੋਂ ਤੱਕ ਕਿ ਮਦ ਦਾ ਪ੍ਰਗਟਾਵਾ ਕਰਨ ਲਈ ਕਲਾਇੰਟ ਤੋਂ ਪੁੱਛਕੇ ਲਈ ਜਾ ਸਕਦੀ ਹੈ। ਇਸਦਾ ਮੰਤਵ ਇਹ ਨਹੀਂ ਸੀ ਕਿ ਇਹ ਕਾਰਗੁਜ਼ਾਰੀ ਟੈਸਟ ਹੈ, ਪਰ ਜੇ ਜ਼ਰੂਰੀ ਹੁੰਦਾ ਹੈ, ਤਾਂ ਇਹ ਜਵਾਬ ਦੇਣ ਵਾਲੇ ਵਲੋਂ ਉਪਲਬਧ ਕਰਾਈ ਗਈ ਜਾਣਕਾਰੀ ਨਾਲ ਮਿਲਾਕੇ ਕਾਰਗੁਜ਼ਾਰੀ ਅੰਕੜਿਆਂ ਦੀ ਵਰਤੋਂ ਕਰਨ ਲਈ ਢੁਕਵੀਂ ਹੈ।" (26 ਫ਼ਰਵਰੀ, 2003, ਬ੍ਰੈਡ ਹਿੱਲ ਤੋਂ DDA ਨੂੰ ਈਮੇਲ)

**ਜਵਾਬ ਦੇਣ ਵਾਲੇ ਨੂੰ ਕੀ ਕਰਨਾ ਪੈਂਦਾ ਹੈ?**

ਜਵਾਬ ਦੇਣ ਵਾਲੇ ਨੂੰ ਚਾਰ ਜਵਾਬਾਂ ਵਿਚੋਂ ਇੱਕ, ਜਿਸ ਨਾਲ ਵਿਅਕਤੀ ਦੀਆਂ ਸਮਰੱਥਾਵਾਂ ਦਾ ਬਿਹਤਰ ਢੰਗ ਨਾਲ ਪਤਾ ਚੱਲਦਾ ਹੈ, ਲਈ ICAP ਬਾਰੇ ਹਰ ਸਟੇਟਮੈਂਟ ਦਾ ਜਵਾਬ ਦੇਣਾ ਪੈਂਦਾ ਹੈ। ਹੇਠਾਂ ਇਹਨਾਂ ਜਵਾਬਾਂ ਦਾ ਸਾਰ ਦਿੱਤਾ ਗਿਆ ਹੈ:

<u>ਕਦੀ ਨਹੀਂ ਜਾਂ ਕਦੀ-ਕਦਾਈਂ (0)</u> — ਪਤਾ ਚੱਲਦਾ ਹੈ ਕਿ ਕੰਮ ਬਹੁਤ ਮੁਸ਼ਕਿਲ ਹੈ ਜਾਂ ਵਿਅਕਤੀ ਨੂੰ ਕੰਮ ਕਰਨ ਦੀ ਆਗਿਆ ਨਹੀਂ ਹੈ, ਕਿਉਂਕਿ ਇਹ ਸੁਰੱਖਿਅਤ ਨਹੀਂ ਹੈ। ਇੱਥੋਂ ਤੱਕ ਕਿ ਜੇ ਕਿਹਾ ਜਾਏ, ਤਾਂ ਵਿਅਕਤੀ ਬਿਨਾ ਮਦਦ ਦੇ ਕਦੀ ਨਹੀਂ ਜਾਂ ਕਦੀ-ਕਦਾਈਂ ਕੰਮ ਦੇ ਸਾਰੇ ਹਿੱਸੇ ਪੂਰੇ ਨਹੀਂ ਕਰਦਾ।

<u>ਕੰਮ ਕਰਦਾ ਹੈ, ਪਰ ਚੰਗਾ ਨਹੀਂ (1)</u> — ਕਈ ਵਾਰੀ ਵਿਅਕਤੀ ਬਿਨਾ ਕਿਸੇ ਮਦਦ ਦੇ ਕੰਮ ਕਰਦਾ ਹੈ, ਪਰ ਇਸ ਨੂੰ ਚੰਗੀ ਤਰ੍ਹਾਂ ਨਹੀਂ ਕਰਦਾ। ਹਾਲਾਂਕਿ ਉਹ ਕਿਸੇ ਮਦਦ ਜਾਂ ਨਿਗਰਾਨੀ ਦੇ ਬਿਨਾ ਕੰਮ ਦੇ ਸਾਰੇ ਹਿੱਸੇ ਪੂਰੇ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਨਤੀਜਾ ਚੰਗਾ ਨਹੀਂ ਹੈ। ਇਹ ਸਭ ਠੀਕ ਹੈ, ਜੇ ਉਸ ਨੂੰ ਪੁੱਛਿਆ ਜਾਏ ਜਾਂ ਚੇਤੇ ਕਰਾਇਆ ਜਾਏ। ਵਿਅਕਤੀ ਲਗਭਗ 25 ਫ਼ੀਸਦ ਸਮੇਂ ਵਿਚ ਕੰਮ ਕਰਦਾ ਹੈ।

ਠੀਕ ਠਾਕ ਕਰਦਾ ਹੈ (2) ਵਿਅਕਤੀ ਬਿਨਾ ਕਿਸੇ ਮਦਦ ਜਾਂ ਨਿਗਰਾਨੀ ਦੇ ਕੰਮ ਚੰਗੀ ਤਰ੍ਹਾਂ ਕਰਦਾ ਹੈ। ਹਾਲਾਂਕਿ ਵਿਅਕਤੀ ਕੰਮ ਕਰਨ ਵਿਚ ਪੂਰੀ ਤਰ੍ਹਾਂ ਮਾਹਿਰ ਨਹੀਂ ਹੈ, ਉਹ ਇਸਦੇ ਸਾਰੇ ਹਿੱਸੇ ਪੂਰੇ ਕਰ ਸਕਦਾ ਹੈ। ਇਹ ਸਭ ਠੀਕ ਹੈ, ਜੇ ਉਸ ਨੂੰ ਪੁੱਛਿਆ ਜਾਏ ਜਾਂ ਚੇਤੇ ਕਰਾਇਆ ਜਾਏ। ਵਿਅਕਤੀ ਲਗਭਗ 75 ਫ਼ੀਸਦ ਸਮੇਂ ਵਿਚ ਕੰਮ ਕਰਦਾ ਹੈ।

ਬਹੁਤ ਚੰਗੀ ਤਰ੍ਹਾਂ ਕਰਦਾ ਹੈ (3) ਮਦ 'ਤੇ ਪੂਰੀ ਖ਼ੁਦਮੁਖ਼ਤਾਰੀ ਦਾ ਪਤਾ ਚੱਲਦਾ ਹੈ। ਵਿਅਕਤੀ ਜਾਂ ਤਾਂ ਆਪਣੇ ਕੰਮ ਵਿਚ ਮਾਹਿਰ ਹੈ ਜਾਂ ਮੁਹਾਰਤ ਉਸ ਲਈ ਬਹੁਤ ਅਸਾਨ ਹੈ। ਵਿਅਕਤੀ ਕੰਮ ਪੂਰਾ ਕਰਦਾ ਹੈ ਅਤੇ ਇਹ ਕੰਮ ਉਹ ਕਿਸੇ ਤੋਂ ਬਿਨਾ ਕਿਸੇ ਮਦਦ ਜਾਂ ਨਿਗਰਾਨੀ ਦੇ ਚੰਗੀ ਤਰ੍ਹਾਂ ਪੂਰਾ ਕਰਦਾ ਹੈ ਅਤੇ ਉਸ ਨੂੰ ਪਤਾ ਹੈ ਕਿ ਕਦੋਂ ਕਹੇ ਜਾਣ ਜਾਂ ਚੇਤੇ ਕਰਾਏ ਜਾਣ ਤੋਂ ਬਿਨਾ ਇਹ ਕੰਮ ਕਰਨੇ ਜ਼ਰੂਰੀ ਹਨ। ਉਹ ਬਹੁਤ ਚੰਗੀ ਤਰ੍ਹਾਂ ਕੰਮ ਕਰਦਾ ਹੈ – ਹਮੇਸ਼ਾ ਜਾਂ ਲਗਭਗ ਹਮੇਸ਼ਾ।

**ਕੀ ICAP ਦੇ ਢਲਣਹਾਰ ਸਬੰਧੀ ਵਿਹਾਰ ਦੇ ਸੈਕਸ਼ਨ, ਵਿਹਾਰ ਸਬੰਧੀ ਸਮੱਸਿਆਵਾਂ ਦਾ ਮੁਲਾਂਕਣ ਕਰਦੇ ਹਨ?**

ਨਹੀਂ। ਯੋਗਤਾ ਦਾ ਨਿਰਣਾ ਕਰਨ ਲੱਗਿਆਂ DDA ਵਿਹਾਰਾਂ ਦਾ ਮੁਲਾਂਕਣ ਨਹੀਂ ਕਰਦਾ। ICAP ਦਾ ਉਦੇਸ਼ ਪ੍ਰੇਰਕ ਪੁੱਠੇ ਜਾਂ ਨਾੜੀ ਦੇ ਹਿੱਸਿਆਂ ਦੀਆਂ ਮੁਹਾਰਤਾਂ ਵਿਚਲੀਆਂ ਢਲਣਹਾਰ ਮੁਹਾਰਤਾਂ, ਰਹਿਣ-ਸਹਿਣ ਦੀਆਂ ਨਿਜੀ ਮੁਹਾਰਤਾਂ, ਸਮਾਜਕ ਅਤੇ ਸੰਚਾਰ ਮੁਹਾਰਤਾਂ ਅਤੇ ਰਹਿਣ-ਸਹਿਣ ਦੀਆਂ ਭਾਈਚਾਰਕ ਮੁਹਾਰਤਾਂ ਦਾ ਮੁਲਾਂਕਣ ਕਰਨਾ ਹੈ।

“ICAP ਦੇ ਢਲਣਹਾਰ ਸਬੰਧੀ ਵਿਹਾਰ ਦੇ ਸੈਕਸ਼ਨ ਦਾ ਧਿਆਨ ਸਮਰੱਥਾ 'ਤੇ ਹੈ। ਕੋਈ ਵੀ, ਜੇ ਥੱਕ ਜਾਂਦਾ ਹੈ, ਗ਼ੁੱਸੇ ਵਿਚ ਜਾਂ ਜਲਦਬਾਜ਼ੀ ਵਿਚ ਹੁੰਦਿਆਂ ਕੰਮ ਕਰਨ ਤੋਂ ਮਨ੍ਹਾ ਕਰਦਾ ਹੈ, ਤਾਂ ਉਸਨੂੰ ਅਜੇ ਵੀ ‘ਕਹੇ ਜਾਣ ਤੋਂ ਬਿਨਾ ਚੰਗੀ ਤਰ੍ਹਾਂ ਕੰਮ ਕਰਦਾ ਹੈ’ ਦਾ ਦਰਜਾ ਦਿੱਤਾ ਜਾ ਸਕਦਾ ਹੈ, ਜੇ ਵਿਅਕਤੀ ਦੀ ਸਮਰੱਥਾ ਮੁਹਾਰਤ ਦੇ ਅੰਦਰ ਹੈ ਅਤੇ ਆਮ ਤੌਰ 'ਤੇ ਚੰਗੀ ਤਰ੍ਹਾਂ ਕੰਮ ਕਰਦਾ ਹੈ। ਜੇ ਮਨਾਹੀ ਅਟੱਲ ਹੈ, ਪਰ ਸਿਰਫ਼ ਕੁਝ ਵਿਸ਼ੇਸ਼ ਢਲਣਹਾਰ ਕੰਮਾਂ 'ਤੇ ਲਾਗੂ ਹੁੰਦੀ ਹੈ, ਤਾਂ ਬਹੁਤਾ ਕਰਕੇ ਇਹ ਇਹਨਾਂ ਵਿਸ਼ੇਸ਼ ਮਦਾਂ 'ਤੇ ਇੱਕ ਅੰਕ ਨਾਲ ਕਲਾਇੰਟ ਦੀ ਢਲਣਹਾਰ ਦਰਜਾਬੰਦੀ ਨੂੰ ਘਟਾ ਸਕਦੀ ਹੈ।

ਵਿਹਾਰ, ਜੋ ਕਲਾਇੰਟ ਦੀਆਂ ਰੋਜ਼-ਬ-ਰੋਜ਼ ਦੀਆਂ ਸਰਗਰਮੀਆਂ ਜਾਂ ਉਹ ਸਰਗਰਮੀਆਂ, ਜੋ ਉਸਦੇ ਆਲੇ-ਦੁਆਲੇ ਵਿਚ ਹੁੰਦੀਆਂ ਹਨ, ਵਿਚ ਦਖ਼ਲਅੰਦਾਜ਼ੀ ਕਰਦੇ ਹਨ, ਨੂੰ ਵਿਹਾਰ ਦੀਆਂ ਸਮੱਸਿਆਵਾਂ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ, ਨਾ ਕਿ ਢਲਣਹਾਰ ਸਬੰਧੀ ਵਿਹਾਰ ਦੀਆਂ ਸਮੱਸਿਆਵਾਂ ਵਜੋਂ। ਜ਼ਰੂਰੀ ਕੰਮ ਕਰਨ ਤੋਂ ਮਨ੍ਹਾ ਕਰਨਾ, ਜੋ ਕਿ ਵਿਅਕਤੀ ਦੀ ਸਮਰੱਥਾ ਦੇ ਅੰਦਰ ਹਨ, ਨੂੰ ਕਈ ਵਾਰੀ ਪਾਲਣਾ ਨਾ ਕਰਨ ਵਾਲਾ ਜਾਂ ਸਹਿਯੋਗ ਨਾ ਕਰਨ ਵਾਲਾ ਵਿਹਾਰ ਮੰਨਿਆ ਜਾਂਦਾ ਹੈ, ਨੂੰ ICAP ਦੇ ਸਮੱਸਿਆ ਸਬੰਧੀ ਵਿਹਾਰ ਦੇ ਸੈਕਸ਼ਨ ਵਿਚ ਦਰਜ ਕੀਤਾ ਜਾ ਸਕਦਾ ਹੈ, ਮਨ੍ਹਾ ਕਰਨਾ, ਕਈ ਢਲਣਹਾਰ ਮੁਹਾਰਤਾਂ ਵਿਚ ਸਥਾਈ ਸਮੱਸਿਆ ਖੜ੍ਹੀ ਕਰਨ ਵਿਚ ਬਹੁਤ ਆਮ ਗੱਲ ਹੈ। ਇਸ ਮਾਮਲੇ ਵਿਚ ਕਲਾਇੰਟ ਦੇ ਸਹਿਯੋਗ ਨਾ ਕਰਨ ਨੂੰ ਉਸਦੇ ਢਲਣਹਾਰ ਸਬੰਧੀ ਵਿਹਾਰ ਦੀ ਮਦ ਦੇ ਅੰਕਾਂ ਤੋਂ ਅਲੱਗ ਨਹੀਂ ਕੀਤਾ ਜਾਏਗਾ, ਜਿਸ ਨੂੰ ਮਿਲਵਰਤਨ ਦੀ ਥਾਂ ਸਮਰੱਥਾ ਦੇ ਅਧਾਰ 'ਤੇ ਦਰਜਾ ਦੇਣਾ ਚਾਹੀਦਾ ਹੈ।”

[ਬ੍ਰੈਡ ਹਿੱਲ ਦੀ ਔਨਲਾਈਨ “ICAP/SIB-R ਢਲਣਹਾਰ ਵਿਹਾਰ ਸਬੰਧੀ ਪੈਮਾਨੇ ਨੂੰ ਭਰਨ ਲਈ ਸੇਧਾਂ” ਤੋਂ (http://www.cpinternet.com/~bhill/icap/)]

**ਕੀ ਅਰਜ਼ੀ ਦੇਣ ਵਾਲੇ ਨੂੰ ICAP ਦੌਰਾਨ ਮੌਜੂਦ ਰਹਿਣਾ ਪਏਗਾ?**

ਅਰਜ਼ੀ ਦੇਣ ਵਾਲੇ ਨੂੰ ਮੌਜੂਦ ਅਤੇ ਘੱਟੋ-ਘੱਟ ਇੰਟਰਵਿਊ ਦੇ ਹਿੱਸੇ ਲਈ ਉਪਲਬਧ ਹੋਣਾ ਪਏਗਾ। ਅਰਜ਼ੀ ਦੇਣ ਵਾਲਾ ਅਤੇ ਜਵਾਬ ਦੇਣ ਵਾਲਾ ਇਕੱਲਿਆਂ ਜਾਂ ਹੋਰ ਹਿੱਸਾ ਲੈਣ ਵਾਲਿਆਂ ਦੀ ਮੌਜੂਦਗੀ ਵਿਚ ਜਵਾਬ ਦੇਣ ਦੀ ਚੋਣ ਕਰ ਸਕਦਾ ਹੈ। ਇਹ ਜ਼ਰੂਰੀ ਹੈ ਕਿ ਜਵਾਬ ਦੇਣ ਵਾਲਾ ਸਟੀਕ ਜਾਣਕਾਰੀ ਉਪਲਬਧ ਕਰਾਏ, ਜੇ ਉਹਨਾਂ ਦੇ ਸੱਚੇ ਅਤੇ ਸਪਸ਼ਟ ਹੋਣ ਵਿਚ ਕੁਝ ਕੁ ਦਖ਼ਲਅੰਦਾਜ਼ੀ ਹੁੰਦੀ ਹੈ, ਤਾਂ ਜਵਾਬ ਦੇਣ ਵਾਲੇ ਨੂੰ ਇਸ ਬਾਰੇ ਵਿਭਾਗ ਨੂੰ ਦੱਸਣ ਦੀ ਲੋੜ ਹੈ।

**ICAP ਦੇ ਅੰਕ ਕਿਵੇਂ ਲਾਏ ਜਾਂਦੇ ਹਨ?**

ICAP ਦੇ ਜਵਾਬ ਕੰਪਿਊਟਰ ਵਿਚ ਦਰਜ ਕੀਤੇ ਜਾਂਦੇ ਹਨ। ਕੰਪਿਊਟਰ ਦਾ ਪ੍ਰੋਗਰਾਮ, ਅਰਜ਼ੀ ਦੇਣ ਵਾਲੇ ਦੀ ਉਮਰ ਨੂੰ ਧਿਆਨ ਵਿਚ ਰੱਖਦਿਆਂ ਚਾਰ ਢਲਣਹਾਰ ਮੁਹਾਰਤਾਂ ਦੇ ਸੈਕਸ਼ਨਾਂ ਵਿਚੋਂ ਹਰ ਇੱਕ ਲਈ ਮਿਆਰੀ ਅੰਕ ਦਾ ਹਿਸਾਬ ਲਾਉਂਦਾ ਹੈ।

**ਯੋਗਤਾ ਦੇ ਨਿਰਣੇ 'ਤੇ ICAP ਕਿਵੇਂ ਅਸਰ ਪਾਉਂਦਾ ਹੈ?**

ਜਿਸ ਵੇਲੇ DDA ਲਈ ਯੋਗ ਹੋਣ ਵਾਸਤੇ ਚੋਖੀਆਂ ਸੀਮਾਵਾਂ ਦੇ ਸਬੂਤ ਵਜੋਂ ICAP ਵਜੋਂ ਲੋੜ ਪੈਂਦੀ ਹੈ, ਤਾਂ ਯੋਗਤਾ ਦੇ ਅੰਕ ਕਲਾਇੰਟ/ਅਰਜ਼ੀ ਦੇਣ ਵਾਲੇ ਦੀ ਉਮਰ ਲਈ ਵਿਆਪਕ ਤੌਰ 'ਤੇ ਵਿਸ਼ੇਸ਼ ਖ਼ੁਦਮੁਖ਼ਤਾਰ ਖੇਤਰ ਦੇ ਅੰਕ ਦੇ ਬਰਾਬਰ ਜਾਂ ਹੇਠਾਂ ਹੋਣੇ ਚਾਹੀਦੇ ਹਨ (WAC 388-823-0900)।

DEVELOPMENTAL DISABILITIES ADMINISTRATION (DDA)
ਜਵਾਬ ਦੇਣ ਵਾਲਿਆਂ ਲਈ ICAP ਬਾਰੇ ਜਾਣਕਾਰੀ

# ਸਹਿਮਤੀ ਦਾ ਐਲਾਨਨਾਮਾ

## Declaration of Understanding

| |
|---|
| ਜਵਾਬ: ਅਰਜ਼ੀ ਦੇਣ ਵਾਲਾ ______________________________ |

ਮੈਂ "ਜਵਾਬ ਦੇਣ ਵਾਲਿਆਂ ਲਈ ICAP ਬਾਰੇ ਜਾਣਕਾਰੀ" ਪੜ੍ਹ ਅਤੇ ਸਮਝ ਲਈ ਹੈ।

ਮੈਨੂੰ "ICAP/SIB-R ਢਲਣਹਾਰ ਸਬੰਧੀ ਵਿਹਾਰ ਬਾਰੇ ਪੈਮਾਨੇ ਨੂੰ ਭਰਨ ਲਈ ਸੇਧਾਂ" ਮਿਲ ਗਈਆਂ ਹਨ।
https://www.dshs.wa.gov/sites/default/files/FSA/forms/pdf/16-182.pdf

ਮੈਂ ਸਮਝਦਾ/ਸਮਝਦੀ ਹਾਂ ਕਿ ਜਿਹੜੇ ਜਵਾਬ ਮੈਂ ਉਪਲਬਧ ਕਰਾਏ ਹਨ, ਸਟੀਕ ਹੋਣੇ ਚਾਹੀਦੇ ਹਨ ਅਤੇ ਇਹਨਾਂ ਦੀ ਵਰਤੋਂ DDA ਯੋਗਤਾ ਲਈ ਚੋਖੀਆਂ ਸੀਮਾਵਾਂ ਦਾ ਮੁਲਾਂਕਣ ਕਰਨ ਲਈ ਕੀਤੀ ਜਾਏਗੀ।

ਮੈਂ ਸਮਝਦਾ/ਸਮਝਦੀ ਹਾਂ ਕਿ ਜਿਹੜੇ ਵਿਅਕਤੀ ਦਾ ਮੁਲਾਂਕਣ ਕੀਤਾ ਗਿਆ ਹੈ, DDA ਦੀ ਯੋਗਤਾ ਲਈ ਕਸੌਟੀ 'ਤੇ ਪੂਰਾ ਉਤਰ ਸਕਦਾ/ਸਕਦੀ ਜਾਂ ਨਹੀਂ ਉਤਰ ਸਕਦਾ/ਸਕਦੀ।

ਮੈਨੂੰ ਸੁਆਲਾਂ ਦਾ ਜਵਾਬ ਦੇਣ ਦਾ ਹਰ ਮੌਕਾ ਦਿੱਤਾ ਗਿਆ ਸੀ ਅਤੇ ਮੇਰੀ ਤਸੱਲੀ ਲਈ ਮੇਰੇ ਸਾਰੇ ਸੁਆਲਾਂ ਦੇ ਜਵਾਬ ਦਿੱਤੇ ਗਏ ਹਨ।

| | |
|---|---|
| ਜਵਾਬ ਦੇਣ ਵਾਲੇ ਦੇ ਦਸਤਖ਼ਤ | ਤਾਰੀਖ਼ |
| DSHS/DDA ਦਾ ਨੁਮਾਇੰਦਾ | ਤਾਰੀਖ਼ |

ਧਿਆਨ ਦਿਓ: ਐਲਾਨਨਾਮੇ 'ਤੇ ਦਸਤਖ਼ਤ ਕਰਨ ਤੋਂ ਮਨ੍ਹਾ ਕਰਨ 'ਤੇ ਵਿਅਕਤੀ ਨੂੰ "ਜਵਾਬ ਦੇਣ ਵਾਲੇ" ਵਜੋਂ ਬਾਹਰ ਕੀਤਾ ਗਿਆ ਆਦਮੀ ਮੰਨਿਆ ਜਾਏਗਾ।

ਕਾੱਪੀ ਇਹਨਾਂ ਨੂੰ ਦੇਣੀ:
ਜਵਾਬ ਦੇਣ ਵਾਲੇ ਲਈ ਕਾੱਪੀ
ਫ਼ਾਈਲ ਵਿਚ ਰੱਖਣ ਲਈ ਕਾੱਪੀ